ਬਾਲ
ਸਾਹਿਤ

# ਵਚਿੱਤਰ ਤੇ ਰੌਚਿਕ ਜਾਣਕਾਰੀ

ਬੱਚਿਆਂ ਲਈ



ਮਨਮੋਹਨ ਸਿੰਘ ਦਾਊਂ

# ਵਚਿੱਤਰ ਤੇ ਰੌਚਿਕ ਜਾਣਕਾਰੀ

**ਮਨਮੋਹਨ ਸਿੰਘ ਦਾਊਂ**

ਭਾਰਤੀ ਸਾਹਿਤ ਅਕਾਦਮੀ (ਦਿੱਲੀ) ਸਨਮਾਨਿਤ
ਸ਼੍ਰੋਮਣੀ ਬਾਲ ਸਾਹਿਤ ਲੇਖਕ ਸਨਮਾਨ (ਪੰਜਾਬ ਸਰਕਾਰ)

ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ

# Vichiter Te Rauchik Jaankari

( Children Book)

By : Manmohan Singh Daon
# 280, Phase 6, S.A.S Nagar-Mohali (Punjab) -160055
Mob. 9815123900
e-mail: m.s.daonpoet@gmail.com

ਲੇਖਕ ਤੇ ਚਿੱਤਰਕਾਰ : ਮਨਮੋਹਨ ਸਿੰਘ ਦਾਊਂ

ISBN : 978-81-7914-545-6

Edition : 2022

Price : Rs. 100

**Published by :**

Tarlochan Publishers
3236, Sector 15-D, Chandigarh
Phones: 98146-73236, Tel. 0172-4613236
E-mail : tpublishers3236@gmail.com

---

ਵਚਿੱਤਰ ਤੇ ਰੌਚਿਕ ਜਾਣਕਾਰੀ, ਲੇਖਕ: ਮਨਮੋਹਨ ਸਿੰਘ ਦਾਊਂ
ਪ੍ਰਕਾਸ਼ਕ : ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ
ਪੇਸ਼ਕਸ਼ : ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ

## ਅਰਜ਼ੋਈ

ਜੀਣ ਪੰਛੀ, ਜੀਵ, ਜਾਨਵਰ, ਪਿਆਰੇ,
ਧਰਤ ਸੋਹੰਦੇ ਮਨ-ਮੋਹਕ ਨਜ਼ਾਰੇ।

# ਮਨਮੋਹਨ ਸਿੰਘ ਦਾਊਂ ਦੀਆਂ ਹੋਰ ਬਾਲ ਸਾਹਿਤ ਪੁਸਤਕਾਂ

1. ਕਿਰਲੀ ਤੇ ਤਿਤਲੀ (ਬਾਲ ਕਹਾਣੀਆਂ)-ਇਨਾਮ ਜੇਤੂ
2. ਬੋਲਾਂ ਦੇ ਖੰਭ (ਬਾਲ-ਕਹਾਣੀਆਂ)
3. ਤਿੰਨ ਸੁਪਨੇ (ਬਾਲ-ਕਹਾਣੀਆਂ)
4. ਪੰਛੀਆਂ ਦੇ ਗੀਤ (ਬਾਲ-ਕਵਿਤਾਵਾਂ)
5. ਫਲਾਂ ਦੀ ਟੋਕਰੀ (ਨਰਸਰੀ-ਗੀਤ)
6. ਚਾਨਣ ਦੀ ਟਹਿਣੀ (ਬਾਲ-ਗੀਤ)-ਇਨਾਮ ਜੇਤੂ
7. ਧਰਤੀ ਦੇ ਰੰਗ (ਕਾਵਿ-ਰਚਨਾ)
8. ਫੁੱਲਾਂ ਵਾਲਾ ਘਰ (ਬਾਲ-ਕਵਿਤਾਵਾਂ)-ਇਨਾਮ ਜੇਤੂ
9. ਮੇਰਾ ਦੀਵਾ (ਬਾਲ-ਗੀਤ)- ਇਨਾਮ ਜੇਤੂ
10. ਰੁੱਖਾਂ ਦਾ ਖ਼ਜ਼ਾਨਾ (ਕਾਵਿ-ਰਚਨਾ)
11. ਅਜ਼ਾਦੀ ਦੀ ਵਾਰ (ਕਾਵਿ-ਰਚਨਾ)
12. ਪੀਂਘ ਹੁਲਾਰੇ (ਨਰਸਰੀ-ਗੀਤ)
13. ਸੋਨ ਸਵੇਰਾ (ਬਾਲ-ਕਵਿਤਾਵਾਂ)
14. ਫੁੱਲਾਂ ਦਾ ਪਘੂੰੜਾ (ਬਾਲ-ਕਵਿਤਾਵਾਂ)
15. ਗਾਥਾ ਗੜ੍ਹੀ ਚਮਕੌਰ (ਕਾਵਿ-ਰਚਨਾ)
16. ਗੀਤਾਂ ਦੇ ਘੁੰਗਰੂ (ਬਾਲ-ਕਵਿਤਾਵਾਂ)
17. ਸੁਪਨਿਆਂ ਵਾਲਾ ਬਚਪਨ (ਬਾਲ-ਕਵਿਤਾਵਾਂ)
18. ਵਿੱਦਿਆ ਦਾ ਗਹਿਣਾ (ਬਾਲ-ਕਵਿਤਾਵਾਂ)
19. ਮੁਹਰ ਵਾਲੀ ਕਚੌਰੀ (ਬਾਲ-ਕਹਾਣੀ)
20. ਕਿਰਨਾਂ ਦੇ ਫੁੱਲ (ਬਾਲ-ਕਵਿਤਾਵਾਂ)
21. ਸ਼ੁੱਧ ਹਵਾ ਦੀ ਲੋੜ
22. ਚਾਚਾ ਨਹਿਰੂ (ਜੀਵਨੀ)
23. ਚਾਨਣ ਦਾ ਥਾਲ (ਬਾਲ-ਕਵਿਤਾਵਾਂ)
24. ਬਾਲ ਝਰੋਖਾ (ਜੀਵਨ-ਯਾਦਾਂ)-ਇਨਾਮ ਜੇਤੂ
25. ਲੋਕ ਰਾਂਗਲਾ -ਪਿੱਪਲ (ਕਾਵਿ-ਰਚਨਾ)
26. ਰੁੱਖਾਂ ਦੇ ਮੈਂ ਗਾਵਾਂ ਗੀਤ
27. ਨਵੀਆਂ ਸੱਭਿਆਚਾਰਕ ਬੋਲੀਆਂ
28. ਸੱਤ ਵਿਲੱਖਣ ਸ਼ਖ਼ਸੀਅਤਾਂ
29. ਮਹਾਤਮਾ ਗਾਂਧੀ (ਜੀਵਨੀ)
30. ਤਿੰਨ ਸ਼ਰਾਰਤੀ ਚੂਚੇ
31. ਪਰੀ ਦੇਸ ਦੀ ਰਾਜਕੁਮਾਰੀ
32. ਸ਼ੇਰ ਦੇ ਦਿਲ ਵਰਗਾ
33. ਜੇਤੂ ਜੈਰੀ
34. ਭੇੜੀਆ ਅਤੇ ਸੱਤ ਬੱਕਰੀਆਂ
35. ਦੋਸਤਾਂ ਦਾ ਲੱਖੀ ਜੰਗਲ
36. ਕੀੜੀ ਤੇ ਘੁੱਗੀ
37. ਸੂਰਜ ਕਿੱਥੇ ਗਿਆ
38. ਸਚਿਆਈ ਦੀ ਜਿੱਤ
39. ਪੰਛੀਆਂ ਦਾ ਬਸੇਰਾ
40. ਫੁੱਲਾਂ ਦੀਆਂ ਬੁਝਾਰਤਾਂ
41. ਕੁਦਰਤ ਰੰਗ-ਰੰਗੀਲੀ
42. ਬਾਲ ਸਿਮਰਤੀਆਂ
43. ਬੂਟਾਂ ਵਲਾ ਲੈਟਰ ਬਾਕਸ
44. ਕਿਰਲੀ ਤੇ ਤਿੱਤਲੀ
45. ਗਲਹਿਰੀ ਦੀ ਸਿਆਣਪ
46. ਮਿੱਠੇ ਅੰਗੂਰ


# ਤਤਕਰਾ


| | | |
|---|---|---|
| • | ਮੁੱਢਲੇ ਸ਼ਬਦ | 6 |
| 1. | ਰੌਸ਼ਨੀ ਵਾਲੀ ਮੱਛੀ | 7 |
| 2. | ਬਿਨਾਂ ਬਾਹਾਂ ਤੋਂ ਸੰਗੀਤਸਾਜ਼ | 8 |
| 3. | ਕਾਕਰੋਚ-ਊਈ-ਊਈ | 9 |
| 4. | ਸੂਰਜ ਦੀ ਪੁੱਤਰੀ | 10 |
| 5. | ਸਭ ਤੋਂ ਵੱਡੀ ਉਡਣ ਵਾਲੀ ਚਿੜੀ | 11 |
| 6. | ਜੀਵ ਜਿਨ੍ਹਾਂ ਨੂੰ ਪਸੀਨਾ ਨਹੀਂ ਆਉਂਦਾ | 12 |
| 7. | ਤਿੰਨ ਅੱਖਾਂ ਵਾਲਾ ਜੰਤੂ | 13 |
| 8. | ਕੀੜੀਆਂ ਦੇ ਬਹੁ-ਮੰਜ਼ਲੇ ਘਰ | 14 |
| 9. | ਆਵਾਜ਼ ਸੁਣਨ ਵਾਲੇ ਕੰਨ | 15 |
| 10. | ਵਾਪਸ ਮੁੜ ਕੇ ਆਉਣ ਵਾਲਾ ਹਥਿਆਰ | 16 |
| 11. | ਤੋਤੂ-ਨਕਤੋਤਰੂ | 17 |
| 12. | ਦੁਨੀਆਂ ਦਾ ਸਭ ਤੋਂ ਵੱਡਾ ਫੁੱਲ | 18 |
| 13. | ਬੱਦਲ ਥੱਲੇ ਹਵਾਈ ਜਹਾਜ਼ ਉੱਤੇ | 19 |
| 14. | ਸ਼ੀਸ਼ੇ ਦਾ ਡੱਡੂ | 20 |
| 15. | ਪੱਤੇ ਸਿਊਣ ਵਾਲੀਆਂ ਕੀੜੀਆਂ | 21 |
| 16. | ਐਨਕ ਵਾਲਾ ਰਿੱਛ | 22 |
| 17. | ਸਭ ਤੋਂ ਉੱਚਾ ਰੇਲਵੇ ਸਟੇਸ਼ਨ | 23 |
| 18. | ਕੰਗਰੂ ਚੂਹਾ | 24 |
| 19. | ਖਾਰੀ ਮਿੱਠੀ ਝੀਲ | 25 |
| 20. | ਦੁਨੀਆ 'ਚ ਲੰਬੀ ਚਾਬੀ | 26 |
| 21. | ਭੂਚਾਲ ਤੋਂ ਬਣਿਆ ਝਰਨਾ | 27 |

## ਮੁੱਢਲੇ ਸ਼ਬਦ

ਇਸ ਪੁਸਤਕ ਵਿਚ ਲਗਭਗ 20 ਵਚਿੱਤਰ ਕਿਸਮਾਂ ਦੀ ਰੌਚਿਕ ਜਾਣਕਾਰੀ ਦਿੱਤੀ ਗਈ ਹੈ ਜਿਹੜੀ ਬੱਚਿਆਂ ਦਾ ਮਨੋਰੰਜਨ ਕਰੇਗੀ। ਅਜਿਹੀ ਦੁਰਲਭ ਜਾਣਕਾਰੀ ਦੀਆਂ ਪੰਜਾਬੀ ਬਾਲ ਸਾਹਿਤ ਵਿਚ ਬਹੁਤ ਘੱਟ ਪੁਸਤਕਾਂ ਹਨ, ਉਸ ਘਾਟ ਨੂੰ ਪੂਰਾ ਕਰਨ ਦੀ ਸ੍ਰੀ ਮਨਮੋਹਨ ਸਿੰਘ ਦਾਊਂ ਨੇ ਸੰਖੇਪ ਸ਼ੈਲੀ 'ਚ ਪਹਿਲ-ਕਦਮੀ ਕੀਤੀ ਹੈ। ਚਿੱਤ੍ਰ ਵੀ ਲੇਖਕ ਨੇ ਆਪ ਹੀ ਬਣਾਏ ਹਨ ।

- ਪ੍ਰਕਾਸ਼ਕ



# 1. ਰੌਸ਼ਨੀ ਵਾਲੀ ਮੱਛੀ


ਰੌਸ਼ਨੀ ਵਾਲੀ ਮੱਛੀ : ਬੱਚਿਓ, ਸਮੁੰਦਰ ਵਿਚ ਬਹੁਤ ਕਿਸਮ ਦੇ ਜੀਵ ਤੇ ਜਾਨਵਰ ਰਹਿੰਦੇ ਹਨ। ਇਨ੍ਹਾਂ 'ਚ ਮੱਛੀਆਂ ਬਹੁਤ ਵੱਡੀਆਂ ਤੇ ਬਹੁਤ ਛੋਟੀਆਂ ਦੀਆਂ ਅਣਗਿਣਤ ਕਿਸਮਾਂ ਹਨ। ਵੱਡੀ ਮੱਛੀ ਡੌਲਫ਼ਿਨ ਬਾਰੇ ਤਾਂ ਤੁਸੀਂ ਸੁਣਿਆ ਹੀ ਹੋਵੇਗਾ। ਦੀਵੇ, ਬਲਬ ਜਾਂ ਲਾਲਟੈਨ ਵਾਂਗ ਰੌਸ਼ਨੀ ਕਰਨ ਵਾਲੀ ਮੱਛੀ ਵੀ ਇੱਕ ਹੁੰਦੀ ਹੈ। ਇਹ ਡੂੰਘੇ ਸਮੁੰਦਰਾਂ 'ਚ ਪਾਈ ਜਾਂਦੀ ਹੈ। ਇਸ ਨੂੰ 'ਐਂਗਲਰ' ਮੱਛੀ ਕਹਿੰਦੇ ਹਨ। ਇਹ ਆਪਣੇ ਸ਼ਿਕਾਰ ਨੂੰ ਆਪਣੇ ਮੂੰਹ 'ਚ ਰੌਸ਼ਨੀ ਕਰ ਕੇ ਪਕੜਦੀ ਹੈ। ਇਸ ਦੇ ਮੂੰਹ 'ਚੋਂ ਨਿਕਲਣ ਵਾਲਾ ਚਾਨਣ ਸ਼ਿਕਾਰ ਨੂੰ ਆਪਣੇ ਵੱਲ ਆਕਰਸ਼ਿਕ ਕਰਦਾ ਹੈ ਤੇ ਇਹ ਮੂੰਹ 'ਚ ਆਏ ਸ਼ਿਕਾਰ ਨੂੰ ਹੜੱਪ ਕਰ ਲੈਂਦੀ ਹੈ। ਹਰ ਪੈਦਾ ਹੋਇਆ ਜੀਵ ਆਪਣਾ ਜੀਵਨ ਢੰਗ ਕੁਦਰਤ ਦੇ ਨਿਯਮ ਅਨੁਸਾਰ ਗੁਜ਼ਾਰਦਾ ਹੈ।



## 2. ਬਿਨਾਂ ਬਾਹਾਂ ਤੋਂ ਸੰਗੀਤਸਾਜ਼

ਕਿਸੇ ਵੀ ਸਾਜ਼ ਨੂੰ ਵਜਾਉਣ ਲਈ ਹੱਥਾਂ ਦੀ ਲੋੜ ਪੈਂਦੀ ਹੈ। ਕਈ ਅਪੰਗ ਵਿਅਕਤੀਆਂ ਨੇ ਆਪਣੀ ਮਿਹਨਤ ਤੇ ਦ੍ਰਿੜਤਾ ਨਾਲ ਹੈਰਾਨ ਕਰਨ ਵਾਲੀਆਂ ਪ੍ਰਾਪਤੀਆਂ ਹਾਸਲ ਕੀਤੀਆਂ ਹਨ। ਅਜਿਹਾ ਹੀ ਵਿਅਕਤੀ ਫਾਰਸ ਦੇਸ਼ ਵਿਚ ਹੋਇਆ ਹੈ ਜਿਸ ਦੀਆਂ ਬਾਹਾਂ ਨਹੀਂ ਸਨ ਪਰੰਤੂ ਉਹ ਆਪਣੇ ਪੈਰਾਂ ਨਾਲ ਵਾਇਲਿਨ ਵਜਾਇਆ ਕਰਦਾ ਸੀ ਤੇ ਆਪਣੇ ਸਮੇਂ ਵਿੱਚ ਬਹੁਤ ਪ੍ਰਸਿੱਧ ਸੰਗੀਤਕਾਰ ਬਣਿਆ। ਇਸ ਤੋਂ ਬਿਨਾਂ ਉਹ ਮਾਹਿਰ ਨਿਸ਼ਾਨੇਬਾਜ਼, ਤੈਰਾਕ ਅਤੇ ਘੋੜਸਵਾਰ ਵੀ ਸੀ। ਪੱਕੇ ਨਿਸ਼ਚੇ ਨਾਲ ਜਿੱਤ ਹਾਸਲ ਹੁੰਦੀ ਹੈ। ਹੋਰ ਵੀ ਬਹੁਤ ਸਾਰੇ ਅਪੰਗ ਬੰਦਿਆਂ ਨੇ ਹਾਰ ਨਾ ਮੰਨਦੇ ਹੋਏ, ਵਚਿੱਤ੍ਰ ਪ੍ਰਾਪਤੀਆਂ ਕੀਤੀਆਂ ਹਨ। ਉਨ੍ਹਾਂ ਦੇ ਹੌਸਲਿਆਂ ਨੂੰ ਦਾਦ ਦੇਣੀ ਬਣਦੀ ਹੈ।

✣ ✣ ✣



# 3. ਕਾਕਰੋਚ-ਊਈ-ਊਈ

ਘਰਾਂ 'ਚ 'ਕਾਕਰੋਚ' ਵੇਖ ਕੇ ਊਈ-ਊਈ ਹੋ ਜਾਂਦੀ ਹੈ। ਨਕਰਮੇ ਘਰਾਂ 'ਚੋਂ ਮੁੱਕਦੇ ਹੀ ਨਹੀਂ। ਇਸ ਲਈ ਵੱਧ ਤੋਂ ਵੱਧ ਸਫ਼ਾਈ ਰੱਖਣੀ ਜ਼ਰੂਰੀ ਹੈ। ਗਿੱਲੀਆਂ ਤੇ ਸਲਾਬੇ ਵਾਲੀਆਂ ਥਾਵਾਂ 'ਚ ਇਨ੍ਹਾਂ ਦੀਆਂ ਰੇਲਾਂ ਭੱਜੀਆਂ ਫਿਰਦੀਆਂ ਹਨ। ਖਾਣ-ਪੀਣ ਦੀਆਂ ਚੀਜ਼ਾਂ ਢੱਕ ਕੇ ਰਾਤ ਵੇਲੇ ਰੱਖੋ। ਇਨ੍ਹਾਂ ਤੋਂ ਛਿੜਕਣ ਵਾਲੀਆਂ ਜ਼ਹਿਰੀਲੀਆਂ ਦਵਾਈਆਂ ਨਾਲ ਛੁਟਕਾਰਾ ਪਾਇਆ ਜਾ ਸਕਦਾ ਹੈ। ਖੋਜੀਆਂ ਨੂੰ ਪ੍ਰਾਪਤ ਹੋਏ ਫੌਸਿਲਜ਼ (ਪਥਰਾਟ) ਤੋਂ ਪਤਾ ਲੱਗਦਾ ਹੈ ਕਿ ਕਾਕਰੋਚ ਧਰਤੀ ਉੱਤੇ ਲਗਭਗ ਤਿੰਨ ਕਰੋੜ ਸਾਲਾਂ ਤੋਂ ਰਹਿ ਰਹੇ ਹਨ । ਇਨ੍ਹਾਂ ਦੀਆਂ ਲਗਪਗ 3500 ਕਿਸਮਾਂ ਮਿਲਦੀਆਂ ਹਨ। ਕਾਕਰੋਚ ਦੇ ਮੂੰਹ ਅੱਗੇ ਦੋ ਵਾਲ ਜਿਹੇ ਹੁੰਦੇ ਹਨ ਜਿਨ੍ਹਾਂ ਦੀ ਸਹਾਇਤਾ ਨਾਲ ਇਹ ਆਪਣਾ ਰਸਤਾ ਤੇ ਭੋਜਨ ਲੱਭਦਾ ਹੈ। ਅੰਗਰੇਜ਼ੀ ਵਿੱਚ ਇਨ੍ਹਾਂ ਵਾਲਾਂ ਨੂੰ 'ਅੰਟੀਨਾ' ਕਿਹਾ ਜਾਂਦਾ ਹੈ। ਬਹੁਤ ਛੋਟੇ-ਛੋਟੇ ਤੇ ਬਹੁਤ ਵੱਡੇ-ਵੱਡੇ ਅਕਾਰ ਦੇ ਕਾਕਰੋਚ ਵੇਖਣ ਨੂੰ ਮਿਲਦੇ ਹਨ। ਕਾਕਰੋਚਾਂ ਤੋਂ ਬਚਣ ਲਈ ਘਰ ਦੀ ਸਫ਼ਾਈ ਵਿਸ਼ੇਸ਼ ਤੌਰ 'ਤੇ ਰਸੋਈ ਦੀ ਸਫ਼ਾਈ ਵੱਲ ਧਿਆਨ ਦੇਣਾ ਚਾਹੀਦਾ ਹੈ।



# 4. ਸੂਰਜ ਦੀ ਪੁੱਤਰੀ

ਬੁੱਝੋ 'ਸੂਰਜ ਦੀ ਪੁੱਤਰੀ' ਕਿਸ ਨੂੰ ਕਿਹਾ ਜਾਂਦਾ ਹੋਵੇਗਾ। ਪੁਰਾਣੇ ਸਮਿਆਂ ਵਿਚ ਕਪਾਹ ਦੇ ਪੌਦੇ ਨੂੰ ਸੂਰਜ ਦੀ ਪੁੱਤਰੀ ਕਿਹਾ ਜਾਂਦਾ ਸੀ। ਕੱਪੜਾ ਪ੍ਰਾਪਤ ਕਰਨ ਲਈ ਕਪਾਹ ਦੇ ਪੌਦੇ ਤੋਂ ਰੂੰ ਪ੍ਰਾਪਤ ਹੁੰਦੀ ਸੀ ਜਿਸ ਤੋਂ ਕੱਪੜਾ ਉਣਿਆ ਜਾਂਦਾ ਸੀ। ਇਸ ਦੀਆਂ ਲਗਪਗ 20 ਕਿਸਮਾਂ ਮੰਨੀਆਂ ਗਈਆਂ ਹਨ । ਇਸ ਦੇ ਪੌਦੇ ਦੀ ਉਚਾਈ 2 ਮੀਟਰ ਤੱਕ ਹੋ ਸਕਦੀ ਹੈ। ਇਸ ਨੂੰ ਮੱਖਣ ਵਰਗੇ ਸਫ਼ੇਦ ਫੁੱਲ ਲੱਗਦੇ ਹਨ। ਫੁੱਲ ਇਕ ਦਿਨ ਹੀ ਰਹਿੰਦਾ ਹੈ। ਜਦੋਂ ਫੁੱਲ ਸੁੱਕ ਜਾਂਦਾ ਹੈ ਤਾਂ ਫਲ ਦਾ ਵਿਕਾਸ ਹੁੰਦਾ। ਉਸ ਨੂੰ ਟੀਂਡੇ ਕਿਹਾ ਜਾਂਦਾ ਹੈ। ਟੀਂਡੇ ਧੁੱਪ ਵਿੱਚ ਖਿੜਦੇ ਹਨ ਤੇ ਕਪਾਹ ਦੀਆਂ ਫੁੱਟੀਆਂ ਚੁਗੀਆਂ ਜਾਂਦੀਆਂ ਹਨ। ਕਪਾਹ ਦਾ ਪੌਦਾ ਸਾਡੇ ਸਰੀਰ ਕੱਜਣ ਲਈ ਬਹੁਤ ਉਪਯੋਗੀ ਹੈ।



# 5. ਸਭ ਤੋਂ ਵੱਡੀ ਉਡਣ ਵਾਲੀ ਚਿੜੀ

ਬੱਚਿਓ, ਤੁਸੀਂ ਪੰਛੀ ਵੇਖ ਕੇ ਖ਼ੁਸ਼ ਹੁੰਦੇ ਹੋ। ਤੁਹਾਡਾ ਵੀ ਉੱਡਣ ਨੂੰ ਜੀਅ ਕਰਦਾ ਹੋਵੇਗਾ। ਬਹੁਤ ਕਿਸਮ ਦੀਆਂ ਚਿੜੀਆਂ ਹੁੰਦੀਆਂ ਹਨ ।ਐਲਬ੍ਰੇਟਾਸ ਨਾਂ ਦੀ ਸਮੁੰਦਰੀ ਚਿੜੀ ਸਭ ਤੋਂ ਵੱਡੀ ਉੱਡਣ ਵਾਲੀ ਚਿੜੀ ਹੈ। ਇਸ ਦੇ ਖੰਭਾਂ ਦਾ ਫੈਲਾਅ 3.6 ਮੀਟਰ ਤੱਕ ਹੁੰਦਾ ਹੈ। ਇਸ ਦੇ ਸਰੀਰ ਦੀ ਲੰਬਾਈ 1.2 ਮੀਟਰ ਤੱਕ ਹੁੰਦੀ ਹੈ। ਇਸ ਦੀ ਚੁੰਝ ਲੰਮੀ ਤੇ ਭਾਰੀ ਹੁੰਦੀ ਹੈ। ਇਹ ਕਈ ਘੰਟੇ ਹਵਾ ਵਿੱਚ ਕਾਫ਼ੀ ਉਚਾਈ ਤੱਕ ਉੱਡਣ ਦਾ ਸਾਹਸ ਰੱਖਦੀ ਹੈ। ਵੇਖਿਆ ਕਿੰਨੀ ਅਜੀਬ ਚਿੜੀ ਹੈ ਐਲਬ੍ਰੇਟਾਸ। ਸਾਡੇ ਘਰਾਂ ਦੇ ਵਿਹੜਿਆਂ ਤੇ ਬਨੇਰਿਆਂ 'ਤੇ ਚਿੜੀਆਂ ਦੀ ਰੌਣਕ ਪਿਆਰੀ ਲਗਦੀ ਹੈ। ਇਨ੍ਹਾਂ ਦੀ ਸੰਭਾਲ ਕਰਨੀ ਜ਼ਰੂਰੀ ਹੈ।




## 6. ਜੀਵ ਜਿਨ੍ਹਾਂ ਨੂੰ ਪਸੀਨਾ ਨਹੀਂ ਆਉਂਦਾ

ਗਰਮੀ ਦੀ ਰੁੱਤ ਵਿਚ ਸਾਨੂੰ ਪਸੀਨਾ ਆਉਂਦਾ ਹੈ। ਇੰਜ ਹੀ ਕਈ ਜੀਵਾਂ ਜਾਨਵਰਾਂ ਆਦਿ ਨੂੰ ਵੀ ਪਸੀਨਾ ਆਉਂਦਾ ਹੈ। ਪਰੰਤੂ ਕਿਰਲੀ (ਛਿਪਕਲੀ), ਗਿਰਗਿਟ ਅਤੇ ਸੱਪ ਜਾਤੀ ਵਾਲੇ 'ਰੈਪਟਾਈਲਜ਼' ਜੀਵਾਂ ਨੂੰ ਪਸੀਨਾ ਨਹੀਂ ਆਉਂਦਾ। ਇਨ੍ਹਾਂ ਜੀਵਾਂ ਦਾ ਜਦੋਂ ਸਰੀਰ ਗਰਮ ਹੁੰਦਾ ਹੈ ਤਾਂ ਛਾਂ ਵਾਲੀ ਥਾਂ ਢੂੰਡਦੇ ਹਨ ਤਾਂ ਜੋ ਉੱਥੇ ਸਰੀਰ ਨੂੰ ਠੰਢਾ ਕਰ ਸਕਣ। ਵੇਖਿਆ, ਇਹ ਜੀਵ ਕਿੰਨੇ ਚੁਸਤ ਹਨ। ਕੁਦਰਤ ਨੇ ਹਰ ਜੀਵ ਨੂੰ ਆਪਣੇ ਢੰਗ ਨਾਲ ਜਿਊਣ ਦੀ ਜਾਚ ਦਿੱਤੀ ਹੋਈ ਹੈ। ਜੀਵਾਂ ਦਾ ਸੰਸਾਰ ਬੜਾ ਵਚਿੱਤ੍ਰ ਹੈ।




## 7. ਤਿੰਨ ਅੱਖਾਂ ਵਾਲਾ ਜੰਤੂ

ਕੁਦਰਤ ਨੇ ਸਭ ਜੀਵਾਂ, ਜੰਤੂਆਂ, ਜਾਨਵਰਾਂ ਤੇ ਮਨੁੱਖ ਨੂੰ ਵੇਖਣ ਲਈ ਦੋ-ਦੋ ਅੱਖਾਂ ਦਿੱਤੀਆਂ ਹਨ। ਪਰੰਤੂ ਕੁਦਰਤ ਬੜੀ ਵਚਿੱਤਰ ਹੈ। ਟੁਆਟੋਰਾ ਜਾਂ ਸਫ਼ੇਨਾਡੋਨ ਪੰਨਟੇਟਸ ਨਾਂ ਦਾ ਛਿਪਕਲੀ ਵਰਗਾ ਇਕ ਅਜਿਹਾ ਵਚਿੱਤਰ ਜੰਤੂ ਹੈ ਜਿਸ ਦੀਆਂ ਤਿੰਨ ਅੱਖਾਂ ਹੁੰਦੀਆਂ ਹਨ। ਇਸ ਦੀ ਸ਼ਕਲ ਛਿਪਕਲੀ ਨਾਲ ਕਾਫ਼ੀ ਮਿਲਦੀ ਜੁਲਦੀ ਹੈ ਪਰੰਤੂ ਇਸ ਦਾ ਅੰਦਰਲਾ ਸਰੀਰ ਵੱਖਰੀ ਕਿਸਮ ਦਾ ਹੁੰਦਾ ਹੈ। ਇਸ ਦੀ ਲੰਬਾਈ 70 ਸੈ.ਮੀ. ਅਤੇ ਭਾਰ ਇੱਕ ਕਿੱਲੋਗ੍ਰਾਮ ਤੱਕ ਹੁੰਦਾ ਹੈ। ਇਸ ਦੀ ਉਮਰ 77 ਸਾਲ ਤੋਂ ਵੱਧ ਮੰਨੀ ਗਈ ਹੈ। ਵਿਗਿਆਨੀ ਇਨ੍ਹਾਂ ਦੀ ਉਮਰ ਇੱਕ ਹਜ਼ਾਰ ਸਾਲ ਤੱਕ ਵੀ ਕਿਆਸਦੇ ਹਨ। ਇਹ ਅਣੋਖਾ ਜੰਤੂ ਨਿਊਜ਼ੀਲੈਂਡ ਅਤੇ ਉਸ ਦੇ ਨੇੜੇ ਵਾਲੇ ਦੀਪਾਂ ਵਿਚ ਮਿਲਦਾ ਹੈ। ਵਿਗਿਆਨੀਆਂ ਦੀਆਂ ਖੋਜਾਂ ਤੋਂ ਬਲਿਹਾਰੇ ਜਾਈਏ।

❖ ❖ ❖



## 8. ਕੀੜੀਆਂ ਦੇ ਬਹੁ-ਮੰਜ਼ਲੇ ਘਰ


ਕੀੜੀਆਂ ਦੀਆਂ ਖੁੱਡਾਂ ਤੁਸੀਂ ਵੇਖੀਆਂ ਹਨ। ਪਰੰਤੂ ਅਫ਼ਰੀਕਾ ਵਿੱਚ ਕੀੜੀਆਂ ਆਪਣੇ ਘਰ ਕਈ ਛੱਤਾਂ ਵਾਲੇ ਬਣਾਉਂਦੀਆਂ ਹਨ ਜਿਹੜੀਆਂ ਕੀੜੀਆਂ ਜੰਗਲਾਂ ਵਿਚ ਹੁੰਦੀਆਂ ਹਨ। ਵਰਖਾ ਦੀ ਰੁੱਤ ਤੋਂ ਪਹਿਲਾਂ ਉਹ ਇਕ ਛੱਤ ਉੱਪਰ ਦੂਜੀ ਛੱਤ ਬਣਾਕੇ ਕਈ ਮੰਜ਼ਿਲਾਂ ਵਾਲੇ ਘਰ ਬਣਾ ਲੈਂਦੀਆਂ ਹਨ। ਬੱਚਿਓ, ਅਫ਼ਰੀਕਾ ਦੇ ਘਣੇ ਜੰਗਲਾਂ ਵਿਚ ਬਹੁਤ ਵਰਖਾ ਹੁੰਦੀ ਹੈ। ਉਥੇ ਕਈ ਵਚਿੱਤਰ ਜੀਵ ਜੰਤੂ ਤੇ ਜਾਨਵਰ ਮਿਲਦੇ ਹਨ। ਕੀੜੀਆਂ ਦੀ ਇਮਾਰਤ ਸਾਜ਼ੀ ਉਨ੍ਹਾਂ ਦੀ ਅਕਲਮੰਦੀ ਤੇ ਮਿਹਨਤ ਨੂੰ ਦਰਸਾਉਂਦੀ ਹੈ। ਹੁਣ ਤਾਂ ਆਪਣੇ ਦੇਸ ਵਿੱਚ ਵੀ ਅੰਬਰਾਂ ਨੂੰ ਛੂੰਹਦੀਆਂ ਇਮਾਰਤਾਂ ਉਸਰ ਗਈਆਂ ਹਨ ।ਮਨੁੱਖ ਦੀ ਇਮਾਰਤਸਾਜ਼ੀ ਵੀ ਹੈਰਾਨ ਕਰਨ ਵਾਲੀ ਹੈ।

✤ ✤ ✤



## 9. ਆਵਾਜ਼ ਸੁਣਨ ਵਾਲੇ ਕੰਨ

ਆਵਾਜ਼ ਸੁਣਨ ਲਈ ਸਾਨੂੰ ਸਿਰ ਹਿਲਾਉਣਾ ਪੈਂਦਾ ਹੈ। ਪਰੰਤੂ ਕਈ ਜਾਨਵਰ ਅਜਿਹੇ ਹਨ ਜਿਨ੍ਹਾਂ ਨੂੰ ਸਿਰ ਹਿਲਾਉਣਾ ਨਹੀ ਪੈਂਦਾ। ਆਵਾਜ਼ ਸੁਣਨ ਲਈ ਉਨ੍ਹਾਂ ਦੇ ਕੰਨੇ ਚੌੜੇ ਹੋ ਜਾਂਦੇ ਹਨ ਜਿਹੜੇ ਆਵਾਜ਼ ਸੁਣਨ ਵਿੱਚ ਮਦਦ ਕਰਦੇ ਹਨ । ਉਨ੍ਹਾਂ ਦੇ ਖੜੇ ਹੋਏ ਕੰਨ ਆਵਾਜ਼ ਦੀ ਦਿਸ਼ਾ ਦਾ ਅੰਦਾਜ਼ਾ ਲਾ ਲੈਂਦੇ ਹਨ । ਦੁਸ਼ਮਣ ਤੋਂ ਬਚਾਉਣ ਲਈ ਉਨ੍ਹਾਂ ਦੇ ਕੰਮ ਬਹੁਤ ਮਦਦ ਕਰਦੇ ਹਨ। ਅਜਿਹੇ ਕੰਨਾਂ ਵਾਲੇ ਜਾਨਵਰ ਹਨ ਖ਼ਰਗੋਸ਼, ਕੁੱਤਾ, ਘੋੜਾ, ਜਰਾਫ਼ ਆਦਿ। ਇਹ ਮੁਹਾਵਰਾ ਵੀ ਤਦੇ ਬਣਿਆ ਹੋਵੇਗਾ ਕਿ ਗੱਲ ਸੁਣਕੇ ਕੰਨ ਖੜੇ ਹੋ ਜਾਣੇ। ਇਨ੍ਹਾਂ ਜਾਨਵਰਾਂ ਦੇ ਕੰਨਾਂ ਦੀ ਸੰਵੇਦਨ ਸ਼ਕਤੀ ਹੀ ਇਨ੍ਹਾਂ ਦੀ ਮਦਦ ਕਰਦੀ ਹੈ। ਬੰਦਿਆਂ ਨੂੰ ਕਿਹਾ ਜਾਂਦਾ ਹੈ ਕਿ ਕੰਨ ਖੋਲ੍ਹ ਕੇ ਸੁਣੋ।




## 10. ਵਾਪਸ ਮੁੜ ਕੇ ਆਉਣ ਵਾਲਾ ਹਥਿਆਰ

ਬੱਚਿਓ, ਤੁਸੀਂ ਪ੍ਰਾਚੀਨ ਕਹਾਣੀਆਂ ਸੁਣਨ ਵੇਲੇ ਇਹ ਸੁਣਿਆ ਹੋਵੇਗਾ ਕਿ ਸ਼ਿਕਾਰ ਕਰਨ ਵੇਲੇ ਜਾਂ ਲੜਾਈ ਕਰਨ ਵੇਲੇ ਹਥਿਆਰ ਸ਼ਿਕਾਰੀ ਕੋਲ ਜਾਂ ਜੰਗਬਾਜ ਕੋਲ ਵਾਪਸ ਮੁੜ ਆਉਂਦਾ ਸੀ। ਹੁਣ ਤਾਂ ਅਜਿਹੇ ਹਥਿਆਰ ਮੁਜ਼ਾਇਲ ਅਖਵਾਉਂਦੇ ਹਨ। ਪਰੰਤੂ ਆਸਟ੍ਰੇਲੀਆ ਦੇ ਲੋਕਾਂ ਨੇ ਆਦਿ ਕਾਲ ਦੇ ਸਮੇਂ ਇੱਕ ਲੱਕੜ ਦਾ ਅਜਿਹਾ ਹਥਿਆਰ ਬਣਾਇਆ ਹੋਇਆ ਸੀ ਜਿਸ ਨੂੰ ਅੰਗਰੇਜ਼ੀ ਵਿੱਚ 'ਬੂਮਰੈਂਗ' ਕਹਿੰਦੇ ਹਨ। ਸੱਖ਼ਤ ਲੱਕੜ ਦਾ 90° 'ਤੇ ਮੋੜਿਆ ਹੋਇਆ ਇਹ ਹਥਿਆਰ ਜੇਕਰ ਆਪਣੇ ਨਿਸ਼ਾਨੇ ਉੱਤੇ ਨਹੀਂ ਸੀ ਲਗਦਾ ਤਾਂ ਹਵਾ ਵਿੱਚ ਚੱਕਰ ਕੱਟਦਾ ਹੋਇਆ, ਇਹ ਵਾਪਸ ਸੁੱਟਣ ਵਾਲੇ ਕੋਲ ਆ ਜਾਂਦਾ ਸੀ। ਇਹ ਲੱਕੜ ਦੀ ਜਾਦੂਗਰੀ ਦੀ ਬਣਤਰ ਹੈ। ਅਸਲ ਵਿੱਚ ਲੋੜ ਇਜਾਦ ਦੀ ਮਾਂ ਹੈ। ਹਰ ਹਾਲਾਤ ਵਿੱਚ ਮਨੁੱਖ ਨੇ ਆਪਣੀ ਰੱਖਿਆ ਲਈ ਕੋਈ ਨਾ ਕੋਈ ਵਸੀਲਾ ਢੂੰਡ ਲਿਆ।



# 11. ਤੋਤੂ-ਨਕਤੋਤੜੂ

ਬੱਚਿਓ, ਤੁਸੀਂ ਤੋਤਿਆਂ ਦੀ ਉੱਡਦੀ ਡਾਰ ਤਾਂ ਵੇਖੀ ਹੋਵੇਗੀ। ਜਾਂ ਕੋਈ ਨਾ ਕੋਈ ਤੋਤਾ (ਪੈਰਟ) ਜਿਸ ਨੂੰ ਤੁਸੀਂ ਗੰਗਾਰਾਮ ਕਹਿਕੇ ਵੀ ਬੁਲਾਉਂਦੇ ਹੋ। ਇਕ ਹੋਰ ਉੱਡਣ ਤੋਤਾ ਪੌਦਿਆਂ 'ਤੇ ਵੀ ਉੱਡਦਾ ਫਿਰਦਾ ਤੁਸੀਂ ਵੇਖਿਆ ਹੋਵੇਗਾ। ਇਸ ਦਾ ਰੰਗ ਵੀ ਹਰਾ ਹੁੰਦਾ ਹੈ। ਇਸ ਨੂੰ ਕਈ ਬੱਚੇ 'ਨਕਤੋੜ' ਵੀ ਕਹਿੰਦੇ ਹਨ। ਅੰਗਰੇਜ਼ੀ ਵਿਚ ਮੈਂਟਿਸ ਵੀ ਕਹਿੰਦੇ ਹਨ। ਇਹ ਬੜਾ ਖ਼ਤਰਨਾਕ ਕੀੜਾ ਹੈ। ਇਹ ਆਪਣਾ ਸ਼ਿਕਾਰ ਕਰਨ ਲਈ ਕਈ ਘੰਟੇ ਬਿਨਾਂ ਹਿੱਲੇ-ਜੁੱਲੇ ਤਾਕ 'ਚ ਰਹਿੰਦਾ ਹੈ। ਇਹ ਆਪਣੀਆਂ ਅਗਲੀਆਂ ਟੰਗਾਂ ਚੁੱਕੀ ਇਉਂ ਲਗਦਾ ਹੈ ਜਿਵੇਂ ਪ੍ਰਾਰਥਨਾ ਕਰ ਰਿਹਾ ਹੋਵੇ। ਇਹ ਆਪਣੀਆਂ ਅਗਲੀਆਂ ਟੰਗਾਂ ਨਾਲ ਸ਼ਿਕਾਰ ਕਰ ਕੇ ਜਿਊਂਦੇ ਤਿਤਲੀਆਂ ਅਤੇ ਪਤੰਗਿਆਂ ਨੂੰ ਖਾ ਜਾਂਦਾ ਹੈ। ਕਈ ਉਡਣ-ਤੋਤਿਆਂ ਦਾ ਰੰਗ ਰੂਪ ਫੁੱਲਾਂ ਨਾਲ ਵੀ ਮਿਲਦਾ-ਜੁਲਦਾ ਹੁੰਦਾ ਹੈ, ਜਿਸ ਕਾਰਨ ਇਸ ਦਾ ਪਤਾ ਵੀ ਨਹੀਂ ਲਗਦਾ। ਇਸ ਨੂੰ ਅੱਕ ਦਾ ਕੁੱਤਾ ਜਾਂ ਅੱਕ ਦਾ ਤੋਤਾ ਵੀ ਕਿਹਾ ਜਾਂਦਾ ਹੈ।




## 12. ਦੁਨੀਆਂ ਦਾ ਸਭ ਤੋਂ ਵੱਡਾ ਫੁੱਲ

ਫੁੱਲਾਂ ਦੀ ਵੰਨ-ਸਵੰਨਤਾ ਬੜੀ ਮਨਮੋਹਕ ਹੁੰਦੀ ਹੈ। ਫੁੱਲ ਸਾਨੂੰ ਖੁਸ਼ੀ ਤੇ ਖੇੜਾ ਪ੍ਰਦਾਨ ਕਰਦੇ ਹਨ। ਫੁੱਲਾਂ ਦੇ ਮੇਲੇ ਲਗਦੇ ਹਨ। ਅਨੰਤ ਕਿਸਮ ਦੇ ਫੁੱਲ ਮਿਲਦੇ ਹਨ। ਕੁਦਰਤ ਤੋਂ ਬਲਿਹਾਰੇ ਜਾਈਏ। ਇੱਕ ਫੁੱਲ 'ਰੈਫ਼ਲੇਸ਼ੀਆ ਆਰਨੋਲਡੀ' ਜਿਹੜਾ ਸੰਸਾਰ ਵਿੱਚ ਸਭ ਤੋਂ ਵੱਡਾ ਫੁੱਲ ਮੰਨਿਆ ਜਾਂਦਾ ਹੈ। ਇਹ ਦੋ ਸੌ ਮੀਟਰ ਮੋਟਾ ਹੁੰਦਾ ਹੈ ਤੇ ਇਸ ਦਾ ਭਾਰ 11 ਕਿਲੋਗ੍ਰਾਮ ਤੱਕ ਹੁੰਦਾ ਹੈ। ਇਹ ਇਕ ਹਫ਼ਤਾ ਖਿੜਿਆ ਰਹਿੰਦਾ ਹੈ। ਇਸ ਦਾ ਰੰਗ ਸੰਤਰੀ ਹੁੰਦਾ ਹੈ। ਇਸ ਦੇ ਪੌਦੇ ਦੀਆਂ ਪੱਤੀਆਂ ਨਹੀਂ ਹੁੰਦੀਆਂ। ਇਸ ਧਰਤੀ 'ਤੇ ਹੋਰ ਵੀ ਅਨੰਤ ਵੱਖੋ-ਵੱਖ ਰੰਗਾਂ ਦੇ ਅਤੇ ਬਣਤਰ ਵਾਲੇ ਫੁੱਲ ਮਿਲਦੇ ਹਨ। ਸੰਸਾਰ ਨੂੰ ਸੁੰਦਰਤਾ ਪ੍ਰਦਾਨ ਕਰਨ ਵਿੱਚ ਫੁੱਲ ਆਪਣੀ ਹਾਜ਼ਰੀ ਭਰਦੇ ਹਨ ।




# 13. ਬੱਦਲ ਥੱਲੇ ਹਵਾਈ ਜਹਾਜ਼ ਉੱਤੇ

ਕੀ ਤੁਸੀਂ ਜਾਣਦੇ ਹੋ ਕਿ ਬੱਦਲ ਸਾਡੀ ਧਰਤੀ ਤੋਂ ਲਗਪਗ ਛੇ ਮੀਲ ਦੀ ਦੂਰੀ ਤੱਕ ਹੁੰਦੇ ਹਨ। ਉਸ ਤੋਂ ਉੱਪਰ ਦਿਨ ਵਿੱਚ ਹਰ ਸਮੇਂ ਸੂਰਜ ਚਮਕਦਾ ਰਹਿੰਦਾ ਹੈ। ਹਵਾਈ ਜਹਾਜ਼ ਧਰਤੀ ਤੋਂ ਲਗਪਗ ਅੱਠ ਤੋਂ ਚੌਦਾਂ ਮੀਲ ਦੀ ਦੂਰੀ ਤੱਕ ਉੱਡਦੇ ਹਨ ਪਰੰਤੂ ਮਨੁੱਖ ਦੀ ਕਲਪਨਾ ਤਾਂ ਹੋਰ ਉਤਾਂਹ ਉਡਾਰੀਆਂ ਭਰਦੀ ਰਹਿੰਦੀ ਹੈ। ਇਸ ਲਈ ਬੱਦਲ ਥੱਲੇ ਰਹਿੰਦੇ ਹਨ। ਪਹਾੜੀ ਇਲਾਕਿਆਂ 'ਚ ਤਾਂ ਬਰਸਾਤ ਦੇ ਦਿਨਾਂ 'ਚ ਬੱਦਲ ਹੋਰ ਵੀ ਥੱਲੇ ਲੋਕਾਂ ਦੇ ਘਰਾਂ 'ਚ ਆ ਵੜਦੇ ਹਨ। ਕਈ ਵੇਰ ਬੱਦਲ ਫਟਣ ਨਾਲ ਮੌਤਾਂ ਵੀ ਹੋ ਜਾਂਦੀਆਂ ਹਨ। ਹੁਣ ਤਾਂ ਜਹਾਜ਼ਾਂ ਦੀਆਂ ਕਾਢਾਂ ਬਹੁਤ ਹੈਰਾਨ ਕਰਨ ਵਾਲੀਆਂ ਹਨ । ਦੇਸਾਂ ਦੀਆਂ ਦੂਰੀਆਂ ਘੰਟਿਆਂ ਵਿੱਚ ਤਹਿ ਹੋ ਜਾਂਦੀਆਂ ਹਨ। ਦੁਨੀਆਂ ਨੇੜੇ ਹੋ ਗਈ ਹੈ।

❖ ❖ ❖




# 14. ਸ਼ੀਸ਼ੇ ਦਾ ਡੱਡੂ

ਬੱਚਿਓ, ਤੁਸੀਂ ਬਰਸਾਤ ਦੇ ਮਹੀਨਿਆਂ 'ਚ ਟਰੈਂ-ਟਰੈਂ ਕਰਦੇ ਕਈ ਰੰਗਾਂ ਦੇ ਡੱਡੂ ਵੇਖੇ ਹੋਣਗੇ। ਕੀ ਤੁਸੀਂ ਸ਼ੀਸ਼ੇ ਦੇ ਡੱਡੂ ਵੇਖੇ ਹਨ? ਸ਼ੀਸ਼ੇ ਦੇ ਜਾਰਾਂ ਵਿੱਚ ਬੰਦ ਕੀਤੇ ਡੱਡੂ ਤਾਂ ਪ੍ਰਯੋਗਸ਼ਾਲਾਵਾਂ ਵਿੱਚ ਜ਼ਰੂਰ ਵੇਖੇ ਹੋਣਗੇ ਪਰੰਤੂ ਸ਼ੀਸ਼ੇ ਜਾਂ ਕੱਚ ਰੰਗੇ ਡੱਡੂ ਜਾਤੀ ਵਾਲੇ ਮੱਧ ਅਤੇ ਦੱਖਣੀ ਅਮਰੀਕਾ ਵਿੱਚ ਕਾਫ਼ੀ ਸੰਖਿਆ ਵਿੱਚ ਮਿਲਦੇ ਹਨ। ਇਸ ਜਾਤੀ ਦੇ ਡੱਡੂ 'ਸੇਂਟ੍ਰੋਲੇਨਾਈਡੀ' ਅਖਵਾਉਂਦੇ ਹਨ ਜੋ ਅਕਸਰ ਦਰਖਤਾਂ ਉੱਤੇ ਰਹਿੰਦੇ ਹਨ। ਸ਼ੀਸ਼ੇ ਵਰਗੀ ਚਮੜੀ ਹੋਣ ਕਾਰਨ ਇਸ ਡੱਡੂ ਦੀਆਂ ਨਾੜੀਆਂ, ਹੱਡੀਆਂ, ਲੱਤਾਂ ਆਦਿ ਵਿੱਚ ਲਹੂ ਦੌੜਦਾ ਸਾਫ਼ ਨਜ਼ਰ ਆਉਂਦਾ ਹੈ। ਉਨ੍ਹਾਂ ਦਾ ਸਰੀਰ ਪਾਰਦਰਸ਼ੀ ਸ਼ੀਸ਼ਾ ਹੀ ਲੱਗਦਾ ਹੈ। ਹੈ ਨਾ ਵਚਿੱਤ੍ਰ ਜੀਵ।




# 15. ਪੱਤੇ ਸਿਊਣ ਵਾਲੀਆਂ ਕੀੜੀਆਂ

ਬੱਚਿਓ, ਦਰਜੀ-ਪੰਛੀ ਦਾ ਨਾਂ ਤੁਸੀਂ ਸੁਣਿਆ ਹੋਵੇਗਾ ਪਰੰਤੂ ਦਰਜੀ-ਕੀੜੀਆਂ ਨਹੀਂ ਸੁਣੀਆਂ ਹੋਣਗੀਆਂ। ਇਸ ਕਿਸਮ ਨਾਲ ਸਬੰਧਤ ਕੀੜੀਆਂ ਅਫ਼ਰੀਕਾ, ਦੱਖਣੀ -ਪੂਰਬੀ ਏਸ਼ੀਆ ਅਤੇ ਆਸਟ੍ਰੇਲੀਆ ਦੇ ਸੰਘਣੇ ਜੰਗਲਾਂ ਵਿੱਚ ਮਿਲਦੀਆਂ ਹਨ। ਇਹ ਕੀੜੀਆਂ ਆਪਣੇ ਅੰਦਰੋਂ ਰੇਸ਼ਮ ਵਰਗਾ ਪਦਾਰਥ ਕੱਢਦੀਆਂ ਹਨ ਤੇ ਪੱਤਿਆਂ ਉੱਤੇ ਕੀੜੀਆਂ ਦਾ ਗੁੱਫ਼ਾ ਇਹ ਪਦਾਰਥ ਜਮਾਂ ਕਰ ਦਿੰਦਾ ਹੈ। ਇੰਜ ਇਹ ਰੇਸ਼ਮ ਵਰਗੇ ਧਾਗੇ ਦੀ ਤਾਰ ਨਾਲ ਪੱਤੇ ਦੇ ਇਕ ਸਿਰੇ ਨੂੰ ਦੂਜੇ ਸਿਰੇ ਨਾਲ ਜੋੜ ਦੇਂਦੀਆਂ ਹਨ। ਹੌਲੀ-ਹੌਲੀ ਪੱਤੇ ਇੱਕ ਦੂਜੇ ਨਾਲ ਜੁੜ ਜਾਂਦੇ ਹਨ। ਇੰਜ ਲਗਦਾ ਹੈ ਜਿਵੇਂ ਪੱਤੇ ਸਿਊਂ ਦਿੱਤੇ ਹੋਣ। ਇਹ ਪਦਾਰਥ ਗੂੰਦ ਦਾ ਕੰਮ ਕਰਦਾ ਹੈ। ਕੀੜੀਆਂ ਨੇ ਚੀੜ੍ਹੀਆਂ।

❖ ❖ ❖




## 16. ਐਨਕ ਵਾਲਾ ਰਿੱਛ

ਬੱਚਿਓ, ਕਾਲੇ ਰੰਗ ਦਾ ਰਿੱਛ ਜਾਂ ਭਾਲੂ ਤੁਸੀਂ ਵੇਖਿਆ ਹੋਵੇਗਾ ਪਰੰਤੂ ਦੱਖਣੀ ਅਮਰੀਕਾ ਵਿੱਚ ਇਕ ਵਚਿੱਤਰ ਕਿਸਮ ਦਾ ਰਿੱਛ ਹੁੰਦਾ ਹੈ ਜਿਸ ਦਾ ਕੱਦ ਛੋਟਾ ਤੇ ਚਿਹਰੇ ਉੱਤੇ ਅਜੀਬ ਕਿਸਮ ਦੇ ਨਿਸ਼ਾਨ ਹੁੰਦੇ ਹਨ। ਅਗਲੇ ਹਿੱਸੇ ਦਾ ਰੰਗ ਪੀਲਾ ਜਿਹਾ ਹੁੰਦਾ ਹੈ। ਨੱਕ ਤੋਂ ਲੈ ਕੇ ਹੇਠਲੇ ਹਿੱਸੇ ਤੱਕ ਇਸੇ ਰੰਗ ਦੇ ਵਾਲ ਹੁੰਦੇ ਹਨ। ਕਈ ਰਿੱਛਾਂ ਦੀਆਂ ਅੱਖਾਂ ਦੇ ਚਾਰੇ ਪਾਸੇ ਹਲਕੇ ਸਫ਼ੇਦ ਰੰਗ ਦੇ ਵਾਲਾਂ ਦੇ ਗੋਲੇ ਬਣੇ ਹੁੰਦੇ ਹਨ। ਦੂਰੋਂ ਵੇਖਿਆਂ ਇਉਂ ਲਗਦਾ ਹੈ ਜਿਵੇਂ ਐਨਕ ਲਾਈ ਹੋਈ ਹੋਵੇ। ਕੁਦਰਤ ਦੀ ਜੀਵਾਂ ਨੂੰ ਸਿਰਜਣ ਦੀ ਵਿਲੱਖਣ ਵਿਧੀ ਹੈਰਾਨ ਕਰਨ ਵਾਲੀ ਹੈ। ਇਸ ਕਰਕੇ ਕਿਹਾ ਜਾਂਦਾ ਹੈ ਕਿ ਕੁਦਰਤ ਦੇ ਰੰਗ ਨਿਆਰੇ।




## 17. ਸਭ ਤੋਂ ਉੱਚਾ ਰੇਲਵੇ ਸਟੇਸ਼ਨ

ਪਹਾੜਾਂ ਉਤੇ ਰੇਲ-ਪਟੜੀਆਂ ਬਣਾਉਣੀਆਂ ਬਹੁਤ ਕਠਿਨ ਕੰਮ ਹੈ। ਪਰੰਤੂ ਸਦਕੇ ਜਾਈਏ ਮਨੁੱਖ ਦੀ ਮਿਹਨਤ ਤੋਂ। ਸੰਸਾਰ ਦਾ ਸਭ ਤੋਂ ਉੱਚਾ ਰੇਲਵੇ ਸਟੇਸ਼ਨ ਅਫ਼ਰੀਕਾ ਦੇ ਪੀਰੂ ਇਲਾਕੇ ਵਿੱਚ ਹੈ। ਇਸ ਦੀ ਇੱਕ ਪਟੜੀ 15844 ਫੁੱਟ ਸਮੁੰਦਰੀ ਤੱਲ ਤੋਂ ਉੱਚੀ ਹੈ। ਇਸ ਰੇਲਵੇ ਲਾਈਨ ਦਾ ਸਭ ਤੋਂ ਉੱਚਾ ਸਥਾਨ 15688 ਫੁੱਟ ਹੈ ਜਿਹੜਾ ਲਾ-ਗਲੇਰਾ ਸੁਰੰਗ ਵਿੱਚ ਸਥਿੱਤ ਹੈ। ਇਸ ਨੂੰ ਹੈਨਰੀ ਡੀਗਸ ਨਾਂ ਦੇ ਇੰਜੀਨੀਅਰ ਨੇ ਲਗਪਗ 100 ਸਾਲ ਪਹਿਲਾਂ ਬਣਾਇਆ ਸੀ। ਇੰਜਨੀਅਰਾਂ ਦੇ ਉਸਾਰੇ ਪੁਲ ਤੇ ਸੁਰੰਗਾਂ ਹੈਰਾਨ ਕਰਨ ਵਾਲੀਆਂ ਹਨ। ਇਹ ਕ੍ਰਿਸ਼ਮੇ ਮਨੁੱਖੀ ਮਨ ਦੀ ਸੋਚ ਦਾ ਹੀ ਨਤੀਜਾ ਹਨ। ਇਸ ਨੂੰ ਹੀ ਸੁਪਨੇ ਸਾਕਾਰ ਕਰਨਾ ਕਿਹਾ ਜਾਂਦਾ ਹੈ।




# 18. ਕੰਗਰੂ ਚੂਹਾ


ਕੰਗਰੂ ਜਾਨਵਰ ਬਾਰੇ ਤੁਸੀਂ ਸੁਣਿਆ ਹੋਵੇਗਾ। ਚੂਹੇ ਤਾਂ ਤੁਸੀਂ ਵੇਖੇ ਵੀ ਹੋਣਗੇ ਪਰੰਤੂ ਉੱਤਰੀ ਅਮਰੀਕਾ ਦੇ ਦੱਖਣ-ਪੱਛਮੀ ਰੇਗਿਸਤਾਨੀ ਇਲਾਕਿਆਂ ਵਿੱਚ ਕੰਗਰੂ ਰੈਟ (ਚੂਹਾ) ਇਕ ਅਜਿਹਾ ਜੀਵ ਹੈ ਜਿਹੜਾ ਜੀਵਨ-ਭਰ ਬਿਨਾਂ ਪਾਣੀ ਤੋਂ ਜਿਊਂਦਾ ਰਹਿ ਸਕਦਾ ਹੈ। ਰੇਗਿਸਤਾਨ 'ਚ ਪੈਦਾ ਹੋਣ ਵਾਲੇ ਰੁੱਖ-ਪੌਦਿਆਂ ਦੀਆਂ ਜੜ੍ਹਾਂ ਖਾ ਕੇ ਇਹ ਜੀਵ ਆਪਣੀ ਪਾਣੀ ਦੀ ਜ਼ਰੂਰਤ ਪੂਰੀ ਕਰਦਾ ਹੈ। ਜੜ੍ਹਾਂ ਦੀ ਨਮੀ ਇਸ ਨੂੰ ਜਿਊਂਦਾ ਰੱਖਣ ਲਈ ਕਾਫ਼ੀ ਹੁੰਦੀ ਹੈ। ਇਸ ਦਾ ਰੰਗ ਕਾਲਾ ਤੇ ਭੂਰਾ ਹੁੰਦਾ ਹੈ। ਕਿੰਨਾ ਸੰਜਮ ਕਰਦਾ ਹੈ। ਪਾਣੀ ਦਾ ਇਹ ਚੂਹਾ। ਆਪਾਂ ਵੀ ਪਾਣੀ ਦੀ ਸੰਭਾਲ ਕਰਨਾ ਸਿੱਖੀਏ।

✣ ✣ ✣



## 19. ਖਾਰੀ ਮਿੱਠੀ ਝੀਲ

ਤਿੱਬਤ ਸਾਡਾ ਗੁਆਂਢੀ ਦੇਸ ਹੈ। ਬ੍ਰਹਮਪੁੱਤਰ ਦਰਿਆ ਇੱਥੋਂ ਹੀ ਸ਼ੁਰੂ ਹੋ ਕੇ ਭਾਰਤ ਵਿੱਚ ਪ੍ਰਵੇਸ਼ ਕਰਦਾ ਹੋਇਆ, ਖਾੜੀ ਬੰਗਾਲ ਵਿਚ ਡਿੱਗਦਾ ਹੈ। ਤਿੱਬਤ ਵਿੱਚ ਅਰੂ-ਤਸ਼ੋ ਇੱਕ ਅਜਿਹੀ ਝੀਲ ਹੈ ਜਿਸ ਦਾ ਪਾਣੀ ਬਾਰਾਂ ਵਰ੍ਹਿਆਂ ਬਾਅਦ ਵਾਰੀ-ਵਾਰੀ ਖਾਰਾ ਅਤੇ ਮਿੱਠੇ ਪਾਣੀ ਵਿੱਚ ਬਦਲਦਾ ਰਹਿੰਦਾ ਹੈ। ਕੁਦਰਤ ਦੀ ਅਜੀਬ ਤਬਦੀਲੀ ਤੋਂ ਵਾਰੇ-ਵਾਰੇ ਜਾਈਏ। ਮਨੀਕਰਨ ਦਾ ਗਰਮ ਪਾਣੀ ਦਾ ਚਸ਼ਮਾ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਹੈ। ਬਿਦਰ 'ਚ ਨਾਨਕਝੀਰਾ ਸਵੱਛ ਜਲ ਕਰਕੇ ਯਾਦ ਕੀਤਾ ਜਾਂਦਾ ਹੈ।




## 20. ਦੁਨੀਆ 'ਚ ਲੰਬੀ ਚਾਬੀ


ਨਵੇਂ-ਨਵੇਂ ਜਿੰਦੇ ਤੇ ਨਵੀਆਂ-ਨਵੀਆਂ ਚਾਬੀਆਂ ਬਜ਼ਾਰ ਵਿੱਚ ਆਪਣੀ ਮਸ਼ਹੂਰੀ ਕਰਕੇ ਜਾਣੀਆਂ ਜਾਂਦੀਆਂ ਹਨ। ਰੱਖਿਆ ਕਰਨ ਲਈ ਤੇ ਚੋਰਾਂ ਤੋਂ ਬਚਾਉਣ ਲਈ। ਹਰ ਕੋਈ ਅਜਿਹਾ ਜਿੰਦਾ ਖਰੀਦਦਾ ਹੈ ਤਾਂ ਜੋ ਸੁਰੱਖਿਅਤ ਰਹੇ। ਪਰੰਤੂ ਤੁਸੀਂ ਹੈਰਾਨ ਹੋਵੋਗੇ ਕਿ ਇੰਡੋਰਾ ਦੇ 'ਸਟੇਟ-ਹਾਊਸ' ਨੂੰ ਅਜਿਹਾ ਜਿੰਦਾ (ਤਾਲਾ) ਲਾਇਆ ਜਾਂਦਾ ਹੈ ਜਿਸਨੂੰ 400 ਸਾਲ ਪੁਰਾਣੀ ਚਾਬੀ ਲਾਈ ਜਾਂਦੀ ਹੈ। ਇਸ ਚਾਬੀ ਦਾ ਭਾਰ ਤਿੰਨ ਪੌਂਡ ਹੈ ਅਤੇ ਇਸ ਦੀ ਲੰਬਾਈ ਇੱਕ ਫੁੱਟ ਪੰਜ ਇੰਚ ਹੈ। ਲੌਕਰ ਦੀ ਕਾਢ ਵੀ ਇਸੇ ਕਰ ਕੇ ਹੋਈ ਤਾਂ ਜੋ ਚੋਰੀ ਤੋਂ ਸੁਰੱਖਿਅਤ ਰਹੇ।

✤ ✤ ✤




## 21. ਭੂਚਾਲ ਤੋਂ ਬਣਿਆ ਝਰਨਾ

ਪਹਾੜਾਂ 'ਚ ਝਰਨੇ ਕੁਦਰਤ ਦੀ ਸਿਰਜਨਾ ਹੁੰਦੇ ਹਨ। ਪਰੰਤੂ ਭਾਰਤ 'ਚ ਅਸਾਮ ਰਾਜ ਵਿੱਚ ਇੱਕ ਅਜਿਹਾ ਝਰਨਾ ਹੈ ਜਿਹੜਾ 1895 'ਚ ਹੋਂਦ 'ਚ ਆਇਆਂ ਜਦੋਂ ਉੱਥੇ ਭੂਚਾਲ ਆਇਆ ਸੀ। ਹੁਣ ਤੱਕ ਇਹ ਝਰਨਾ ਲਗਾਤਾਰ ਵਹਿ ਰਿਹਾ ਹੈ। ਭੂਚਾਲ ਦੀ ਉਥਲ-ਪੁਥਲ ਨਾਲ ਧਰਤੀ ਉੱਤੇ ਬਹੁਤ ਤਬਦੀਲੀ ਆ ਜਾਂਦੀ ਹੈ ਅਤੇ ਧਰਤੀ ਦੇ ਉੱਤੇ, ਥੱਲੇ ਤੇ ਸਮੁੰਦਰ ਵਿੱਚ ਹੋਣ ਵਾਲੀਆਂ ਤਬਦੀਲੀਆਂ ਬਾਰੇ ਸਾਨੂੰ ਜਾਣੂ ਕਰਵਾਉਂਦਾ ਹੈ।





ਮਨਮੋਹਨ ਸਿੰਘ ਦਾਊਂ

ਕੁਦਰਤ ਦੀ ਵਚਿੱਤਰਤਾ ਮਨੁੱਖ ਨੂੰ ਹੈਰਾਨ ਕਰਨ ਵਾਲੀ ਹੈ। ਇਸ ਦਾ ਥਹੁ-ਪਤਾ ਲਾਉਣਾ ਬਹੁਤ ਕਠਿਨ ਹੈ। ਇਸ ਪੁਸਤਕ ਵਿੱਚ ਕੁਝ ਅਜਿਹੇ ਅਨੋਖੇ ਅਤੇ ਵਚਿੱਤਰ ਜੀਵ, ਜਾਨਵਰ, ਪੰਛੀ, ਬਨਸਪਤੀ ਤੇ ਹੋਰ ਅਜੀਬ ਵਸਤਾਂ ਬਾਰੇ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ।

ਉਮੀਦ ਹੈ ਕਿ ਬੱਚੇ ਇਸ
ਪੁਸਤਕ ਦਾ ਅਨੰਦ ਮਾਨਣਗੇ।

Tarlochan
Publishers
Vichiter Te Rouchik Jaankari

Rs. 100